**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਜੈਕਟ ਡਾਇਰੈਕਟਰ**

**ਸਮੱਗਰਾ ਸਿੱਖਿਆ ਅਭਿਆਨ (ਪੰਜਾਬ)**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ.ਬਲਾਕ, ਪੰਜਵੀਂ ਮੰਜ਼ਿਲ ਫੇਜ਼-8, ਸਅਸ ਨਗਰ, ਪੰਜਾਬ-160062**

ਵੱਲ

**ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)**

**ਅੰਮ੍ਰਿਤਸਰ ,ਪੰਜਾਬ।**

ਮੀਮੋ ਨੰ: 2024/ਐਨ.ਐਸ.ਕਿਉ.ਐਫ (483547 ) ੨੧੦੭੬੨

ਮਿਤੀ:੧੨/ 11 /2024

**ਵਿਸ਼ਾ:- ਐਨ.ਐਸ.ਕਿਊ.ਐਫ.ਅਧੀਨ ਸਾਲ 2023-24 ਵਿੱਚ ਵੱਖ ਵੱਖ ਗਤੀਵਿਧੀਆਂ ਤੇ ਕੀਤੇ ਗਏ ਖਰਚੇ ਵਿੱਚੋਂ ਲੈਪਸ ਹੋਏ ਫੰਡਾਂ ਸਬੰਧੀ।**

**ਹਵਾਲਾ:- ਪੱਤਰ ਨੰ: ਅ-4/2024267277 ਮਿਤੀ 11/10/2024 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਮੁੱਖ ਦਫਤਰ ਸਮੱਗਰਾ ਵੱਲੋਂ ਸਤੰਬਰ 2024 ਵਿੱਚ ਹਰ ਜ਼ਿਲੇ ਤੋਂ ਉਹਨਾਂ Committed Liabilities ਦੀ ਡਿਟੇਲ ਮੰਗੀ ਗਈ ਸੀ, ਜਿਹਨਾ ਦੀ ਅਦਾਇਗੀ ਵਿੱਤੀ ਸਾਲ 2023-24 ਵਿੱਚ ਕੁਝ ਕਾਰਨਾਂ ਕਰਕੇ ਨਹੀਂ ਹੋ ਸਕੀ ਸੀ ।

3.0 ਉਕਤ ਅਨੁਸਾਰ ਆਪ ਜੀ ਵੱਲੋਂ ਲੋੜੀਂਦੀ ਗ੍ਰਾਂਟ ਦਾ ਵੇਰਵਾ ਇਸ ਦਫਤਰ ਵਿਖੇ ਭੇਜ ਦਿੱਤਾ ਗਿਆ ਸੀ, ਜਿਸ ਅਨੁਸਾਰ ਇਸ ਦਫਤਰ ਵੱਲੋਂ ਬਣਦੀ ਲੋੜੀਂਦੀ ਗ੍ਰਾਂਟ ਆਪ ਨੂੰ ਜਾਰੀ ਕਰ ਦਿੱਤੀ ਗਈ ਸੀ ਅਤੇ ਮਿਤੀ 30.09.2024 ਤੱਕ ਵਰਤੋਂ ਸਰਟੀਫਿਕੇਟ ਭੇਜਣ ਲਈ ਕਿਹਾ ਗਿਆ ਸੀ।

4.0 ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਵੱਲੋਂ 11 ਸਕੂਲਾਂ ਦੀ ਲਿਸ਼ਟ ਭੇਜਦੇ ਹੋਏ ਲਿਖਿਆ ਗਿਆ ਹੈ ਕਿ ਇਿਹਨਾਂ ਸਕੂਲਾਂ ਵੱਲੋਂ ਪਹਿਲਾਂ ਗ੍ਰਾਂਟ ਮੰਗਣੀ ਰਹਿ ਗਈ ਸੀ, ਪਰੰਤੂ ਹੁਣ ਇਹਨਾਂ ਵੱਲੋਂ ਮੰਗ ਕੀਤੀ ਗਈ ਹੈ।

5.0 *ਆਪ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਗ੍ਰਾਂਟ ਲੈਪਸ ਹੋਣ ਕਾਰਣ ਦੁਬਾਰਾ ਜਾਰੀ ਨਹੀਂ ਕੀਤੀ ਜਾ ਸਕਦੀ ਅਤੇ ਸਕੂਲਾਂ ਨੂੰ ਗ੍ਰਾਂਟ ਮੰਗਣ ਲਈ ਕੇਵਲ ਇੱਕ ਮੌਕਾ ਦਿੱਤਾ ਗਿਆ ਸੀ।*

6.0 *ਉਕਤ ਸਬੰਧੀ ਇਸ ਅਣਗਿਹਲੀ ਲਈ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕਰਕੇ ਇੱਕ ਹਫਤੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।*

7.0 *ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜੀ।*

12/11/24

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ (NSQF)**

Sd **ਸਮੱਗਰ ਸਿੱਖਿਆ ਅਭਿਆਨ, ਪੰਜਾਬ।**